**Media Release**

ਤੁਰੰਤ ਰਿਲੀਜ ਲਈ

# ਸਿਟੀ ਨੂੰ ਦੁਬਾਰਾ ਖੋਲ੍ਹਣ ਅਤੇ ਬਹਾਲੀ ਦੀਆਂ ਯੋਜਨਾਵਾਂ ਬਾਰੇ, ਸਿਟੀ ਨੇ ਭਾਈਚਾਰੇ ਤੋਂ ਸੁਝਾਅ ਮੰਗੇ

ਬ੍ਰੈਂਪਟਨ, ਓਨਟੈਰੀਓ (12 ਮਈ, 2020) – ਮੇਅਰ ਦੇ ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ (Reopening and Recovery Working Group) ਨੇ ਇਹ ਯਕੀਨੀ ਬਣਾਉਣ ਲਈ ਭਾਈਚਾਰੇ ਨੂੰ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਸਿਟੀ ਨੂੰ ਦੁਬਾਰਾ ਖੋਲ੍ਹਣ ਦੀ ਯੋਜਨਾ, ਜਨਤਾ ਅਤੇ ਸਟਾਫ਼ ਦੀਆਂ ਸੇਵਾ ਅਤੇ ਸੁਰੱਖਿਆ ਸਬੰਧੀ ਲੋੜਾਂ ਨੂੰ ਪੂਰਾ ਕਰਦੀ ਹੈ।

ਇਸ ਵਿੱਚ, ਖਾਸ ਵਰਤੋਂਕਾਰ ਸਮੂਹਾਂ, ਕਾਰੋਬਾਰੀਆਂ ਅਤੇ ਭਾਈਚਾਰਕ ਸਮੂਹਾਂ ਦੇ ਨਾਲ ਕਈ ਤਰ੍ਹਾਂ ਦੇ ਮਸ਼ਵਰੇ ਸ਼ਾਮਲ ਹੋਣਗੇ। 13 ਮਈ ਨੂੰ, ਇਸ ਤਰ੍ਹਾਂ ਦਾ ਪਹਿਲਾ ਮਸ਼ਵਰਾ, ਸਪੋਰਟਸ ਸਮੂਹਾਂ ਨਾਲ ਆਯੋਜਿਤ ਕੀਤਾ ਜਾਵੇਗਾ।

ਬ੍ਰੈਂਪਟਨ ਦੇ ਭਾਈਚਾਰੇ ਨੂੰ ਵੀ, ਨਵੇਂ ਸ਼ੁਰੂ ਕੀਤੇ ਰੀਓਪਨਿੰਗ ਐਂਡ ਰਿਕਵਰੀ ਸਰਵੇਖਣ, ਜੋ ਇੱਥੇ ਔਨਲਾਈਨ ਉਪਲਬਧ ਹੈ (available online here) ਵਿੱਚ ਹਿੱਸਾ ਲੈ ਕੇ ਜਾਂ covid19reopencity@brampton.ca ਤੇ ਈਮੇਲ ਰਾਹੀਂ ਜੁੜ ਕੇ, ਆਪਣੇ ਸੁਝਾਅ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ।

ਰੀਜਨਲ ਕਾਉਂਸਲਰ ਮਾਰਟਿਨ ਮੇਡੇਇਰੋਸ (Martin Medeiros) ਦੀ ਅਗਵਾਈ ਵਿੱਚ ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਦੀ ਸਲਾਹ ਦੇ ਨਾਲ, ਵਰਕਿੰਗ ਗਰੁੱਪ, ਸਿਟੀ ਦੀਆਂ ਫੈਸਿਲਿਟੀਜ ਨੂੰ ਸੁਰੱਖਿਅਤ ਅਤੇ ਸੋਚੇ-ਸਮਝੇ ਤਰੀਕੇ ਨਾਲ ਦੁਬਾਰਾ ਖੋਲ੍ਹਣ ਤੇ ਧਿਆਨ ਕੇਂਦਰਿਤ ਕਰੇਗਾ। ਇਹ ਗਰੁੱਪ, ਚਰਨਬੱਧ ਤਰੀਕੇ ਨਾਲ, ਦੁਬਾਰਾ ਸ਼ੁਰੂਆਤ ਦੇ ਦੌਰਾਨ ਖਾਸ COVID-19 (ਸੀ.ਓ.ਵੀ.ਆਈ.ਡੀ.-19) ਟਾਸਕ ਫੋਰਸਿਜ ਦਾ ਮਾਰਗ ਦਰਸ਼ਨ ਕਰਨ ਲਈ ਪ੍ਰਕਿਰਿਆਵਾਂ ਬਾਰੇ ਸਲਾਹ ਦੇਵੇਗਾ, ਤਾਂ ਜੋ ਨਿਵਾਸੀਆਂ, ਕਾਰੋਬਾਰੀਆਂ ਅਤੇ ਕਰਮਚਾਰੀਆਂ ਨੂੰ ਲੋੜੀਂਦੀ ਸਹਾਇਤਾ ਮਿਲਦੀ ਰਹੇ।

COVID-19 (ਸੀ.ਓ.ਵੀ.ਆਈ.ਡੀ.-19) ਨੂੰ ਫੈਲਣ ਤੋਂ ਰੋਕਣ ਵਿੱਚ, ਸਿਟੀ ਦੇ ਯਤਨਾਂ ਬਾਰੇ ਹੋਰ ਜਾਣਕਾਰੀ ਲਈ, www.brampton.ca/COVID19 ਤੇ ਜਾਓ।

**ਹਵਾਲੇ**

“ਅਸੀਂ ਸਿਟੀ ਨੂੰ ਸੰਭਾਵਿਤ ਤੌਰ ਤੇ ਦੁਬਾਰਾ ਖੋਲ੍ਹਣ ਅਤੇ ਬਹਾਲੀ ਲਈ, ਸਾਡੇ ਭਾਈਵਾਲਾਂ ਦੇ ਨਜ਼ਦੀਕੀ ਤਾਲਮੇਲ ਅਤੇ ਸੂਬੇ ਅਤੇ ਪੀਲ ਪਬਲਿਕ ਹੈਲਥ ਦੀ ਸਲਾਹ ਦੇ ਆਧਾਰ ਤੇ, ਆਪਣੀਆਂ ਯੋਜਨਾਵਾਂ ਵਿਕਸਿਤ ਕਰ ਰਹੇ ਹਾਂ। ਸਾਡਾ ਟੀਚਾ, ਅਜਿਹੀ ਤਾਲਮੇਲ ਵਾਲੀ ਪ੍ਰਤੀਕਿਰਿਆ ਸਥਾਪਤ ਕਰਨਾ ਹੈ, ਜਿਸ ਨਾਲ COVID-19 ਨੂੰ ਫੈਲਣ ਤੋਂ ਰੋਕਣ ਦੀ ਪਹਿਲਾਂ ਵਾਲੀ ਗਤੀ ਕਾਇਮ ਰਹਿ ਸਕੇ। ਮੈਂ ਸਾਡੇ ਭਾਈਚਾਰੇ ਦੀ ਮਿਹਨਤ ਅਤੇ ਵਚਨਬੱਧਤਾ ਲਈ ਉਹਨਾਂ ਦਾ ਧੰਨਵਾਦੀ ਹਾਂ। ਮੈਂ ਉਹਨਾਂ ਤੋਂ ਇਸੇ ਤਰ੍ਹਾਂ ਸਹਿਯੋਗ ਜਾਰੀ ਰੱਖਣ ਦੀ ਮੰਗ ਕਰਦਾ ਹਾਂ ਕਿਉਂਕਿ ਅਸੀਂ ਲਗਾਤਾਰ ਇਸ ਸਥਿਤੀ ਨਾਲ ਨਿਪਟ ਰਹੇ ਹਾਂ।”

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਸਿਟੀ ਨੂੰ ਹੌਲੀ-ਹੌਲੀ ਦੁਬਾਰਾ ਖੋਲ੍ਹਣ ਅਤੇ ਬਹਾਲੀ ਲਈ ਸੁਰੱਖਿਅਤ ਅਤੇ ਸੋਚੀ-ਸਮਝੀ ਯੋਜਨਾ ਲਾਗੂ ਕਰਨ ਤੇ ਚੰਗੀ ਤਰ੍ਹਾਂ ਕੰਮ ਹੋ ਰਿਹਾ ਹੈ। ਇਸ ਪ੍ਰਕਿਰਿਆ ਵਿੱਚ ਅੱਗੇ ਵਧਦੇ ਹੋਏ, ਅਸੀਂ ਭਾਈਚਾਰੇ ਦੇ ਲਗਾਤਾਰ ਸਹਿਯੋਗ ਅਤੇ ਸੁਝਾਵਾਂ ਤੇ ਨਿਰਭਰ ਹਾਂ। ਮੈਂ ਸਿਟੀ ਦੇ ਸਟੇਕਹੋਲਡਰਾਂ ਦੇ ਨਾਲ, ਅਰਥਪੂਰਣ ਵਿਚਾਰ-ਵਟਾਂਦਰੇ ਕਰਨ ਲਈ ਉਤਸ਼ਾਹਿਤ ਹਾਂ, ਜੋ ਸਾਡੀਆਂ ਯੋਜਨਾਵਾਂ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨਗੇ ਅਤੇ ਵਿਆਪਕ ਦ੍ਰਿਸ਼ਟੀਕੋਣ ਨੂੰ ਯਕੀਨੀ ਬਣਾਉਣਗੇ।”

- *ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਲੀਡ, ਮੇਅਰ ਦਾ ਰੀਓਪਨਿੰਗ ਐਂਡ ਰਿਕਵਰੀ ਵਰਕਿੰਗ ਗਰੁੱਪ*

"COVID-19 ਦੇ ਸ਼ੁਰੂ ਹੋਣ ਤੋਂ ਬਾਅਦ, ਸਿਟੀ ਨੇ ਆਪਣੀ ਸੇਵਾ ਅਤੇ ਪ੍ਰੋਗਰਾਮ ਡਿਲੀਵਰੀ ਵਿੱਚ ਖਾਸ ਤੌਰ ਤੇ ਤਬਦੀਲੀਆਂ ਕੀਤੀਆਂ ਸਨ। ਸਿਟੀ ਨੂੰ ਸੰਭਾਵਿਤ ਤੌਰ ਤੇ ਦੁਬਾਰਾ ਖੋਲ੍ਹਣ ਅਤੇ ਕੰਮਾਂ ਨੂੰ ਦੁਬਾਰਾ ਸ਼ੁਰੂ ਕਰਨ ਤੇ ਵਿਚਾਰ ਕਰਦੇ ਹੋਏ, ਸਾਡਾ ਧਿਆਨ ਪਹਿਲਾਂ ਵਾਂਗ ਇੱਕੋ ਗੱਲ ਤੇ ਕੇਂਦਰਿਤ ਹੈ – ਸਾਡੇ ਭਾਈਚਾਰੇ ਦੀ ਸਲਾਮਤੀ। ਸਾਡਾ ਉਦੇਸ਼, ਸਿਹਤ ਅਤੇ ਸੁਰੱਖਿਆ ਨੂੰ ਤਰਜੀਹ ਦਿੰਦੇ ਹੋਏ, ਨਿਵਾਸੀਆਂ ਅਤੇ ਸਿਟੀ ਦੇ ਸਾਰੇ ਸਟੇਕਹੋਲਡਰਾਂ ਦੀਆਂ ਲੋੜਾਂ ਵਿੱਚ, ਸਾਵਧਾਨੀ ਨਾਲ ਸੰਤੁਲਨ ਕਾਇਮ ਕਰਨਾ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca